Punjab Jagran. Date: 22 May 2015

# 'ਡਾਯਨਾਪਾਰ ਕਯੂਪੀਐਸ' ਨੂੰ ਰਾਸ਼ਟਰੀ ਪੁਰਸਕਾਰ ਮਿਲਿਆ

**ਪੱਤਰ ਪ੍ਰੇਰਕ, ਲੁਧਿਆਣਾ** : ਅਹਿਮਦਾਬਾਦ ਦੀ ਫਾਰਮਾਸਯੂਟਿਕਲ ਕੰਪਨੀ ਟ੍ਰੋਈਕਾ ਡ੍ਰਾਈਨਾਪਾਰ ਨੂੰ ਮਸਲਜ਼ ਦੇ ਦਰਦ 'ਚ ਤੁਰੰਤ ਆਰਾਮ ਦੇਣ ਵਾਲੀ ਦਵਾਈ ਬਣਾਉਣ 'ਤੇ ਭਾਰਤ ਸਰਕਾਰ ਦੇ ਵਿਗਿਆਨ ਤੇ ਸੂਚਨਾ-ਪ੍ਰਸਾਰਨ ਮੰਤਰਾਲਿਆ ਦੇ ਰਾਸ਼ਟਰੀ ਐਵਾਰਡ-2015 ਨਾਲ ਨਵਾਜਿਆ ਹੈ। ਕੇਂਦਰੀ ਵਿਗਿਆਨ ਤੇ ਪ੍ਰਸਾਰਨ ਮੰਤਰੀ ਡਾ. ਹਰਸ਼ਵਰਧਨ ਨੇ ਪ੍ਰੋਗਰਾਮ 'ਚ ਇਹ ਐਵਾਰਡ ਕੰਪਨੀ ਦੇ ਕੇਤਨ ਪਟੇਲ ਨੂੰ ਦਿੱਤਾ। ਕੰਪਨੀ ਦੇ ਬਿਜਨੈਸ ਮਾਮਲਿਆਂ ਦੇ ਪ੍ਰਭਾਰੀ ਰਜਨੀਸ਼ ਮਿਸ਼ਰਾ ਨੇ ਦੱਸਿਆ ਕਿ ਦਿੱਲੀ ਵਿਚ ਤਕਨੀਕਿ ਵਿਕਾਸ ਬੋਰਡ, ਵਿਗਿਆਨ ਤੇ ਤਕਨੀਕਿ ਵਿਭਾਗ ਬੋਰਡ, ਵਿਗਿਆਨ ਤੇ ਤਕਨੀਕਿ ਵਿਭਾਗ, ਭਾਰਤ ਸਰਕਾਰ ਨੂੰ ਸਵਦੇਸ਼ੀ ਤਕਨੀਕੀ ਵਿਕਾਸ 'ਤੇ ਦਿੱਤਾ ਗਿਆ ਹੈ। ਐਵਾਰਡ ਦੇ ਰੂਪ 'ਚ ਕੇਤਨ ਪਟੇਲ ਨੂੰ 10 ਲੱਖ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਕੰਪਨੀ ਨੂੰ ਇੰਜੈਕਸ਼ਨ ਡਾਯਨਾਪਰ ਏਕਯੂ ਦੇ ਲਈ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ ਇੰਜੈਕਸ਼ਨ ਦੇਸ਼ ਦਾ ਸਭ ਤੋਂ ਜ਼ਿਆਦਾ ਵੱਧ ਵਿਕਣ ਵਾਲਾ ਇੰਜੈਕਸ਼ਨ ਹੈ ਜਿਸ ਨੂੰ 99 ਦੇਸ਼ਾਂ ਤੋਂ ਪੈਟੇਂਟ ਕਰਵਾਇਆ ਗਿਆ ਹੈ।